# ਟਿਕਰੀ ਮੋਰਚੇ ਦੀ ਸਟੇਜ ਹਰ ਮੰਗਲਵਾਰ ਹੋਵੇਗੀ ਔਰਤਾਂ ਹਵਾਲੇ

**ਜਗਸੀਰ ਜੀਦਾ ਦੀ ਟੀਮ ਨੇ ਕ੍ਰਾਂਤੀਕਾਰੀ ਗੀਤਾਂ ਨਾਲ ਮੋਰਚੇ ਵਿੱਚ ਜੋਸ਼ ਭਰਿਆ**

**ਪੱਤਰ ਪ੍ਰੇਰਕ**
**ਨਵੀਂ ਦਿੱਲੀ, 3 ਅਗਸਤ**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਟਿਕਰੀ ਮੋਰਚੇ 'ਤੇ ਹਰ ਮੰਗਲਵਾਰ ਸਟੇਜ ਸੰਭਾਲਣ ਦੀ ਜ਼ਿੰਮੇਵਾਰੀ ਔਰਤਾਂ ਵਾਸਤੇ ਰਾਖਵੀਂ ਰੱਖੀ ਹੈ। ਜਗਸੀਰ ਜੀਦਾ ਅਤੇ ਉਨ੍ਹਾਂ ਦੀ ਟੀਮ ਨੇ ਦੇਸ਼ ਦੇ ਹਾਕਮਾਂ 'ਤੇ ਵਿਅੰਗ ਕਰਦਿਆਂ ਤੇ ਕ੍ਰਾਂਤੀਕਾਰੀ ਗੀਤਾਂ ਨਾਲ ਮੋਰਚੇ ਵਿੱਚ ਜੋਸ਼ ਭਰਿਆ। ਉਨ੍ਹਾਂ ਦੇਸ਼ ਦੇ ਹਾਕਮਾਂ ਵੱਲੋਂ ਬਾਬਿਆਂ ਰਾਹੀਂ ਵਹਿਮਾਂ ਭਰਮਾਂ ਵਿੱਚ ਡੋਬੇ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਬਦਲਣ ਲਈ ਸੰਘਰਸ਼ ਦੇ ਮੈਦਾਨ ਵਿੱਚ ਆਉਣ ਦਾ ਹੋਕਾ ਦਿੱਤਾ। ਮਹਿਲਾ ਬੁਲਾਰਿਆਂ ਨੇ ਕਿਹਾ ਕਿ ਜਿਹੜੀਆਂ ਔਰਤਾਂ ਕਿਸਾਨਾਂ ਬਾਰੇ ਅਪਸ਼ਬਦ ਬੋਲਦੀਆਂ ਹਨ ਉਨ੍ਹਾਂ ਦੀ ਉਹ ਨਿੰਦਾ ਕਰਦੀਆਂ ਹਨ ਕਿਉਂਕਿ ਕਿਸਾਨਾਂ ਖ਼ਿਲਾਫ਼ ਬੋਲਣ ਵਾਲੀਆਂ ਵੀ ਕਿਸਾਨਾਂ ਦਾ ਉਗਾਇਆ ਹੋਇਆ ਅਨਾਜ ਖਾਂਦੀਆਂ ਹਨ। ਉਨ੍ਹਾਂ ਕਿਹਾ ਕਿ ਮੋਰਚੇ ਵਿੱਚ ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ ਤੇ ਉਹ ਖੇਤੀ ਕਾਨੂੰਨ ਰੱਦ ਕਰਾਉਣ ਦੀ ਲੜਾਈ ਵਿੱਚ ਬਰਾਬਰ ਹਿੱਸਾ ਪਾ ਰਹੀਆਂ ਹਨ।


ਸੰਗਰੂਰ ਜ਼ਿਲ੍ਹੇ ਤੋਂ ਨੌਜਵਾਨ ਲੜਕੀ ਲਵਲੀਨ ਕੌਰ ਨੇ ਕਿਹਾ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਦੇਸ਼ ਦੇ ਕਿਰਤੀਆਂ ਦਾ ਲੱਕ ਤੋੜ ਦਿੱਤਾ ਹੈ ਤੇ ਕਿਸਾਨਾਂ ਸਿਰ ਕਰਜ਼ੇ ਦੀਆਂ ਪੰਡਾਂ ਚੜ੍ਹ ਗਈਆਂ ਹਨ। ਉਸ ਨੇ ਕਿਹਾ ਕਿ ਸਾਰਿਆਂ ਨੂੰ ਚੇਤੰਨ ਹੋ ਕੇ ਲੋਕ ਵਿਰੋਧੀ ਹਕੂਮਤਾਂ ਨੂੰ ਟੱਕਰ ਦੇਣ ਦੀ ਲੋੜ ਹੈ। ਮੋਗਾ ਜ਼ਿਲ੍ਹੇ ਤੋਂ ਅਮਰਜੀਤ ਸਿੰਘ ਸੈਦੋਕੇ ਨੇ ਕਿਹਾ ਕਿ ਔਰਤ ਸਮਾਜ ਦੀ ਸਿਰਜਣਹਾਰ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ ਤੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਦੱਬੇ ਕੁਚਲੇ ਲੋਕਾਂ ਦਾ ਭਵਿੱਖ ਸਿਰਜਣ ਦੀ ਜ਼ਿੰਮੇਵਾਰੀ ਨੌਜਵਾਨਾਂ ਦੇ ਹਿੱਸੇ ਆਉਂਦੀ ਹੈ।


ਟਿਕਰੀ ਮੋਰਚੇ 'ਚ ਸ਼ਾਮਲ ਕਿਸਾਨ ਔਰਤਾਂ। -ਫੋਟੋ: ਦਿਓਲ

# ਦੇਸ਼ ਵਿੱਚ ਛੇ ਦਿਨਾਂ ਮਗਰੋਂ ਕਰੋਨਾ ਕੇਸ ਘਟੇ

**ਪਿਛਲੇ 24 ਘੰਟਿਆਂ ਦੌਰਾਨ 30,549 ਨਵੇਂ ਕੇਸ ਸਾਹਮਣੇ ਆਏ; 422 ਮੌਤਾਂ**

**ਨਵੀਂ ਦਿੱਲੀ, 3 ਅਗਸਤ**



ਦੇਸ਼ ਵਿੱਚ ਪਿਛਲੇ 24 ਘੰਟਿਆਂ ਦੌਰਾਨ ਕਰੋਨਾਵਾਇਰਸ ਦੇ 30,549 ਨਵੇਂ ਕੇਸ ਸਾਹਮਣੇ ਆਏ ਹਨ, ਜਿਸ ਨਾਲ ਇਸ ਮਹਾਮਾਰੀ ਤੋਂ ਪੀੜਤਾਂ ਦਾ ਕੁੱਲ ਅੰਕੜਾ 3,17,26,507 ਹੋ ਗਿਆ ਹੈ। ਹਾਲਾਂਕਿ ਛੇ ਦਿਨਾਂ ਮਗਰੋਂ ਸਰਗਰਮ ਕੇਸਾਂ ਦੀ ਗਿਣਤੀ ਵੀ ਘਟੀ ਹੈ। ਇੱਕ ਦਿਨ ਵਿੱਚ ਦਰਜ ਹੋਣ ਵਾਲੇ ਕੇਸਾਂ ਵਿੱਚ 8,760 ਦੀ ਕਮੀ ਆਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਮੰਗਲਵਾਰ ਨੂੰ ਸਵੇਰੇ ਅੱਠ ਵਜੇ ਤੱਕ ਮੁਹੱਈਆ ਕਰਵਾਏ ਅੰਕੜਿਆਂ ਮੁਤਾਬਕ, ਕੋਵਿਡ-19 ਕਾਰਨ ਬੀਤੇ ਇੱਕ ਦਿਨ ਵਿੱਚ 422 ਲੋਕਾਂ ਦੀ ਜਾਨ ਗਈ ਹੈ, ਜਿਸ ਕਾਰਨ ਮੌਤਾਂ ਦੀ ਕੁੱਲ ਗਿਣਤੀ 4,25,195 'ਤੇ ਪਹੁੰਚ ਗਈ ਹੈ। ਸਰਗਰਮ ਕੇਸਾਂ ਦੀ ਗਿਣਤੀ ਘਟ ਕੇ 4,04,958, ਰਹਿ ਗਈ ਹੈ, ਜੋ ਕੁੱਲ ਕੇਸਾਂ ਦਾ 1.28 ਫ਼ੀਸਦੀ ਹੈ। ਸਿਹਤਯਾਬੀ ਦਰ ਵੀ ਵਧ ਕੇ 97.38 ਫ਼ੀਸਦੀ ਹੋ ਗਈ ਹੈ। ਮੰਤਰਾਲੇ ਮੁਤਾਬਕ, ਦੇਸ਼ ਵਿੱਚ ਹੁਣ ਤੱਕ ਕੁੱਲ 47,12,94,789 ਕਰੋੜ ਲੋਕਾਂ ਦੇ ਟੈਸਟ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ ਐਤਵਾਰ ਨੂੰ 16,49,295 ਟੈਸਟ ਕੀਤੇ ਗਏ। ਕਰੋਨਾ ਦੀ ਪ੍ਰਤੀ ਦਿਨ ਦੀ ਪਾਜ਼ੇਟਿਵਿਟੀ ਦਰ 1.85 ਫ਼ੀਸਦੀ ਅਤੇ ਹਫ਼ਤਾਵਾਰੀ ਪਾਜ਼ੇਟਿਵਿਟੀ ਦਰ 2.39 ਫ਼ੀਸਦੀ ਰਹਿ ਗਈ ਹੈ। -ਪੀਟੀਆਈ

## ਪੰਜਾਬ ਵਿੱਚ ਤਿੰਨ ਤੇ ਹਰਿਆਣਾ 'ਚ ਦੋ ਮੌਤਾਂ

**ਚੰਡੀਗੜ੍ਹ, (ਟਨਸ):** ਕਰੋਨਾਵਾਇਰਸ ਕਾਰਨ ਪੰਜਾਬ ਵਿੱਚ ਤਿੰਨ ਅਤੇ ਹਰਿਆਣਾ 'ਚ ਦੋ ਜਣਿਆਂ ਦੀ ਮੌਤ ਹੋ ਗਈ ਹੈ। ਇਸ ਨਾਲ ਪੰਜਾਬ ਵਿੱਚ ਕਰੋਨਾ ਮ੍ਰਿਤਕਾਂ ਦਾ ਅੰਕੜਾ 16,299 ਅਤੇ ਹਰਿਆਣਾ ਵਿੱਚ 9,641 'ਤੇ ਹੋ ਗਿਆ ਹੈ। ਸਿਹਤ ਵਿਭਾਗ ਅਨੁਸਾਰ, ਪੰਜਾਬ ਵਿੱਚ 43 ਨਵੇਂ ਕੇਸ ਸਾਹਮਣੇ ਆਏ ਹਨ ਜਦੋਂਕਿ 47 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਇਸ ਸਮੇਂ ਸੂਬੇ ਵਿੱਚ 463 ਕੇਸ ਸਰਗਰਮ ਹਨ। ਇਸ ਮਹਾਮਾਰੀ ਕਾਰਨ ਅੰਮ੍ਰਿਤਸਰ, ਫ਼ਰੀਦਕੋਟ ਅਤੇ ਹੁਸ਼ਿਆਰਪੁਰ 'ਚ ਇੱਕ-ਇੱਕ ਮੌਤ ਹੋਈ ਹੈ। ਦੂਜੇ ਪਾਸੇ, ਹਰਿਆਣਾ ਵਿੱਚ 26 ਨਵੇਂ ਕੇਸ ਸਾਹਮਣੇ ਆਏ ਹਨ ਅਤੇ 19 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਇਸ ਸਮੇਂ ਸੂਬੇ ਵਿੱਚ 708 ਕੇਸ ਸਰਗਰਮ ਹਨ। ਭਿਵਾਨੀ ਅਤੇ ਚਰਖੀ-ਦਾਦਰੀ 'ਚ ਇੱਕ-ਇੱਕ ਮੌਤ ਹੋਈ ਹੈ।

## ਚੀਨ ਨੇ ਵੂਹਾਨ ਤੇ ਕਈ ਸ਼ਹਿਰਾਂ 'ਚ ਟੈਸਟ ਮੁਹਿੰਮ ਵਿੱਢੀ

**ਪੇਈਚਿੰਗ:** ਕੇਂਦਰੀ ਚੀਨ ਦੇ ਸ਼ਹਿਰ ਵੂਹਾਨ ਵਿੱਚ ਕਰੋਨਾਵਾਇਰਸ ਦੇ ਮਾਮਲੇ ਵਧਣ ਕਾਰਨ ਅਧਿਕਾਰੀਆਂ ਨੇ ਉਥੇ 1.1 ਕਰੋੜ ਲੋਕਾਂ ਦੇ ਟੈਸਟਾਂ ਲਈ ਅੱਜ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਦੱਸਣਯੋਗ ਹੈ ਕਿ ਸਾਲ 2019 ਦੇ ਅਖ਼ੀਰ ਵਿੱਚ ਵੂਹਾਨ ਸ਼ਹਿਰ ਵਿੱਚ ਹੀ ਕਰੋਨਾਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਕਈ ਸੂਬਿਆਂ ਵਿੱਚ ਕਰੋਨਾ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਦੇਸ਼ ਵਿੱਚ ਬੇਚੈਨੀ ਮਹਿਸੂਸ ਕੀਤੀ ਜਾ ਰਹੀ ਹੈ। ਪਿਛਲੇ ਸਾਲ ਦੀ ਸ਼ੁਰੂਆਤ ਵਿੱਚ ਕਰੋਨਾਵਾਇਰਸ ਦੇ ਮੱਦੇਨਜ਼ਰ ਪਹਿਲੀ ਤਾਲਾਬੰਦੀ ਲਾਉਣ ਕਾਰਨ ਦੁਨੀਆ ਵਿੱਚ ਚਰਚਾ ਦਾ ਕੇਂਦਰ ਰਹੇ ਵੂਹਾਨ 'ਚ ਜੂਨ 2020 ਮਗਰੋਂ ਸਿਫ਼ਰ ਰਹਿਣ ਦਾ ਰਿਕਾਰਡ ਟੁੱਟ ਗਿਆ ਹੈ ਕਿਉਂਕਿ ਉਥੇ ਕੋਵਿਡ-19 ਦੇ ਸੱਤ ਨਵੇਂ ਕੇਸ ਸਾਹਮਣੇ ਆਏ ਹਨ। -ਪੀਟੀਆਈ

# ਆਕਸੀਜਨ ਪਲਾਂਟ ਲਾਉਣ ਲਈ ਦਿੱਲੀ ਸਰਕਾਰ ਵੱਲੋਂ ਨਿੱਜੀ ਖੇਤਰ ਨੂੰ ਫੰਡ ਦੇਣ ਦੀ ਮਨਜ਼ੂਰੀ

**ਨਵੀਂ ਦਿੱਲੀ, 3 ਅਗਸਤ**

ਕੋਵਿਡ-19 ਦੀ ਸੰਭਾਵਿਤ ਤੀਜੀ ਲਹਿਰ ਨਾਲ ਨਜਿੱਠਣ ਦੀ ਤਿਆਰੀ ਤੇਜ਼ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕੌਮੀ ਰਾਜਧਾਨੀ ਵਿੱਚ ਆਕਸੀਜਨ ਪਲਾਂਟ ਲਾਉਣ ਤੇ ਭੰਡਾਰਨ ਸਹੂਲਤਾਂ ਸਥਾਪਤ ਕਰਨ ਲਈ ਨਿੱਜੀ ਖੇਤਰ ਨੂੰ ਫੰਡ ਦੇਣ ਦੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਕੇਜਰੀਵਾਲ ਨੇ ਟਵੀਟ ਕੀਤਾ, 'ਮੈਡੀਕਲ ਆਕਸੀਜਨ ਦੇ ਉਤਪਾਦਨ ਨੂੰ ਵਧਾਉਣ ਦੀ ਨੀਤੀ ਨੂੰ ਮਨਜ਼ੂਰੀ ਦਿੱਤੀ ਗਈ। ਇਸ ਨੀਤੀ ਨਾਲ ਨਿੱਜੀ ਖੇਤਰ ਨੂੰ ਆਕਸੀਜਨ ਉਤਪਾਦਨ ਪਲਾਂਟ ਲਾਉਣ, ਆਕਸੀਜਨ ਟੈਂਕਰਾਂ ਵਿੱਚ ਨਿਵੇਸ਼ ਕਰਨ ਤੇ ਆਕਸੀਜਨ ਭੰਡਾਰਣ ਸਹੂਲਤਾਂ ਦੀ ਸਥਾਪਨਾ ਲਈ ਫੰਡ ਮੁਹੱਈਆ ਕੀਤੇ ਜਾਣਗੇ। ਇਸ ਨਾਲ ਦਿੱਲੀ ਵਿੱਚ ਆਕਸੀਜਨ ਦੀ ਉਪਲੱਬਧਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ, ਜੋ ਕੋਵਿਡ-19 ਦੀ ਪਿਛਲੀ ਲਹਿਰ ਨਾਲ ਨਜਿੱਠਣ ਵਿੱਚ ਵੱਡੀ ਅੜਚਨ ਬਣ ਗਈ ਸੀ।'

ਦੱਸਣਯੋਗ ਹੈ ਕਿ ਦਿੱਲੀ ਦੇ ਕਈ ਹਸਪਤਾਲਾਂ ਵਿੱਚ ਅਪਰੈਲ ਤੇ ਮਈ ਵਿੱਚ ਆਕਸੀਜਨ ਦੀ ਵੱਡੀ ਘਾਟ ਹੋ ਗਈ ਸੀ ਤੇ ਕਈ ਹਸਪਤਾਲਾਂ ਨੇ ਅਧਿਕਾਰੀਆਂ ਨੂੰ ਆਕਸੀਜਨ ਲਈ ਮਦਦ ਦੀ ਅਪੀਲ ਵੀ ਕੀਤੀ ਸੀ। ਆਕਸੀਜਨ ਦੀ ਘਾਟ ਕਾਰਨ ਰਾਜਧਾਨੀ ਵਿੱਚ ਕਈ ਮਰੀਜ਼ਾਂ ਦੀ ਜਾਨ ਚਲੀ ਗਈ ਸੀ। ਮੁੜ ਆਕਸੀਜਨ ਦੀ ਘਾਟ ਨਾ ਹੋਵੇ, ਇਸ ਲਈ ਦਿੱਲੀ ਸਰਕਾਰ ਨੇ ਕਰੋਨਾ ਦੀ ਤੀਜੀ ਲਹਿਰ ਦੌਰਾਨ ਇੱਕ ਦਿਨ ਵਿੱਚ 37 ਹਜ਼ਾਰ ਮਾਮਲਿਆਂ ਦੇ ਹਿਸਾਬ ਨਾਲ ਆਕਸੀਜਨ ਪਲਾਂਟ ਲਾਉਣ ਤੇ ਹਸਪਤਾਲਾਂ ਵਿੱਚ ਬੈੱਡ ਵਧਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। -ਪੀਟੀਆਈ

GOSWAMI GANESH DUTTA
S.D. COLLEGE
Kheri Gurna, Near Banur
Ph. 9876120265, 8283933998
www.ggdsdkherigurna.ac.in

Applications are invited on prescribed proforma available on the college website for the posts of **Assistant Professors** in the subjects of:-

**COMPUTER-1 (Regular)**
**ECONOMICS-1 (Regular)**

Eligible candidates in accordance with the qualifications / conditions laid down by the University Grants Commission / Punjabi University, Patiala / Punjab Govt. may send their applications to the College Office through registered post or in person within **21 Days** from the publication of the advertisement alongwith an E-mail to the College. A copy of the application be also sent to the **Dean, College Development Council, Punjabi University, Patiala.**
Reservation for **S.C. / S.T. Candidates** and persons with disabilities will be followed as per rules of **Punjabi University / Punjab Govt.** as the case may be.

**U.K. Sharma**
President

# ਐੱਸਐੱਫਜੇ ਵੱਲੋਂ ਮਨੋਹਰ ਲਾਲ ਖੱਟਰ ਨੂੰ ਧਮਕੀ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 3 ਅਗਸਤ**

ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਆਜ਼ਾਦੀ ਦਿਹਾੜੇ ਮੌਕੇ ਕੌਮੀ ਝੰਡਾ ਨਾ ਲਹਿਰਾਉਣ ਦੇਣ ਦੀ ਧਮਕੀ ਦਿੱਤੀ ਹੈ। ਪੰਨੂ ਨੇ ਕਿਹਾ ਕਿ ਆਜ਼ਾਦੀ ਦਿਹਾੜੇ ਵਾਲੇ ਦਿਨ ਖੱਟਰ ਆਪਣੇ ਘਰ ਵਿੱਚ ਹੀ ਰਹਿਣ ਤੇ ਇਹ ਉਨ੍ਹਾਂ ਲਈ ਚੰਗਾ ਹੋਵੇਗਾ। ਇਸ ਬਾਰੇ ਜਾਣਕਾਰੀ ਮਿਲਦੇ ਹੀ ਹਰਿਆਣਾ ਪੁਲੀਸ ਨੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਨਾਂ ਹੇਠਲੀ ਫੋਨ ਕਾਲ ਰਿਕਾਰਡਿੰਗ ਪੱਤਰਕਾਰਾਂ ਕੋਲ ਪਹੁੰਚ ਰਹੀ ਹੈ। ਇਹ ਰਿਕਾਰਡਿੰਗ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਗਈ ਹੈ। ਹਰਿਆਣਾ ਪੁਲੀਸ ਨੇ ਮੁੱਖ ਮੰਤਰੀ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਦਿਆਂ ਚੌਕਸੀ ਵਧਾ ਦਿੱਤੀ ਹੈ। ਪੁਲੀਸ ਫੋਨ ਰਿਕਾਰਡਿੰਗ ਦੀ ਜਾਂਚ ਕਰ ਰਹੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੂੰ ਵੀ ਤਿਰੰਗਾ ਨਾ ਲਹਿਰਾਉਣ ਦੀ ਧਮਕੀ ਮਿਲੀ ਸੀ।

# ਹਨੀ ਸਿੰਘ ਖ਼ਿਲਾਫ਼ ਪਤਨੀ ਵੱਲੋਂ ਘਰੇਲੂ ਹਿੰਸਾ ਦਾ ਕੇਸ ਦਾਇਰ

**ਨਵੀਂ ਦਿੱਲੀ, 3 ਅਗਸਤ**



ਪੰਜਾਬੀ ਗਾਇਕ ਯੋ ਯੋ ਹਨੀ ਸਿੰਘ ਦੀ ਪਤਨੀ ਨੇ ਉਸ ਖ਼ਿਲਾਫ਼ ਘਰੇਲੂ ਹਿੰਸਾ ਦਾ ਕੇਸ ਦਰਜ ਕਰਵਾਇਆ ਹੈ। ਸ਼ਾਲਿਨੀ ਤਲਵਾਰ ਨੇ ਘਰੇਲੂ ਹਿੰਸਾ ਤੋਂ ਬਚਾਅ ਐਕਟ ਤਹਿਤ 10 ਕਰੋੜ ਰੁਪਏ ਮੁਆਵਜ਼ਾ ਮੰਗਿਆ ਹੈ। ਸ਼ਾਲਿਨੀ ਨੇ ਦੋਸ਼ ਲਾਏ ਹਨ ਕਿ 'ਉਸ ਨਾਲ ਜਾਨਵਰਾਂ ਵਰਗਾ ਵਰਤਾਅ ਕੀਤਾ ਗਿਆ ਹੈ, ਤੇ ਜ਼ੁਲਮ ਕੀਤਾ ਗਿਆ ਹੈ।' ਚੀਫ਼ ਮੈਟਰੋਪੌਲਿਟਨ ਮੈਜਿਸਟਰੇਟ ਤਾਨੀਆ ਸਿੰਘ ਨੇ ਇਸ ਮਾਮਲੇ ਵਿਚ ਹਨੀ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਉਹ ਨੋਇਡਾ ਸਥਿਤ ਆਪਣੀ ਸਾਂਝੀ ਜਾਇਦਾਦ ਨੂੰ ਅਲੱਗ-ਥਲੱਗ ਕਰਨ ਜਾਂ ਕਿਸੇ ਤੀਜੀ ਧਿਰ ਦੇ ਨਾਂ ਕਰਨ ਦੀ ਕੋਸ਼ਿਸ਼ ਨਾ ਕਰੇ। ਇਸ ਦੇ ਨਾਲ ਹੀ ਪਤਨੀ ਦੇ ਗਹਿਣੇ ਤੇ ਹੋਰ ਸਾਮਾਨ ਨੂੰ ਵੀ ਨਾ ਛੇੜਨ ਲਈ ਕਿਹਾ ਗਿਆ ਹੈ। ਸ਼ਾਲਿਨੀ (38) ਨੇ ਦੋਸ਼ ਲਾਇਆ ਹੈ ਕਿ ਗਾਇਕ ਤੇ ਉਸ ਦੇ ਪਰਿਵਾਰ ਨੇ ਉਸ ਨੂੰ ਸਰੀਰਕ, ਮਾਨਸਿਕ ਤੌਰ ਉਤੇ ਬਹੁਤ ਤੰਗ-ਪ੍ਰੇਸ਼ਾਨ ਕੀਤਾ ਹੈ। ਉਸ ਨੇ ਦਾਅਵਾ ਕੀਤਾ ਕਿ ਹਨੀ ਨੇ ਪਿਛਲੇ ਕਈ ਸਾਲਾਂ ਵਿਚ ਉਸ ਨੂੰ ਕਈ ਵਾਰ ਕੁੱਟਿਆ ਵੀ ਹੈ। ਉਹ ਲਗਾਤਾਰ ਡਰ ਵਿਚ ਜਿਊਂ ਰਹੀ ਹੈ। ਤਿੰਨ ਵਕੀਲਾਂ- ਸੰਦੀਪ ਕਪੂਰ, ਅਪੂਰਵਾ ਪਾਂਡੇ ਤੇ ਜੀਜੀ ਕਸ਼ਿਅਪ ਰਾਹੀਂ ਦਾਇਰ ਕੇਸ ਵਿਚ ਸ਼ਾਲਿਨੀ ਨੇ ਦੋਸ਼ ਲਾਇਆ ਹੈ ਕਿ ਮਾਨਸਿਕ ਪ੍ਰੇਸ਼ਾਨੀ ਤੇ ਜਬਰ ਕਾਰਨ ਉਸ ਨੂੰ ਡਿਪਰੈਸ਼ਨ ਵੀ ਹੋ ਗਿਆ ਸੀ ਤੇ ਮੈਡੀਕਲ ਮਦਦ ਲੈਣੀ ਪਈ। -ਪੀਟੀਆਈ

# ਕੇਂਦਰ ਸਰਕਾਰ ਦੇ ਰਾਜ 'ਚ ਔਰਤਾਂ ਲਈ ਹਾਲਾਤ ਬਦਤਰ: ਅਭਿਸ਼ੇਕ ਬੈਨਰਜੀ

**ਕੋਲਕਾਤਾ, 3 ਅਗਸਤ**

ਦਿੱਲੀ 'ਚ ਨੌਂ ਸਾਲਾ ਬੱਚੀ ਦਾ ਕਥਿਤ ਜਬਰ ਜਨਾਹ ਤੋਂ ਬਾਅਦ ਜਬਰੀ ਸਸਕਾਰ ਕੀਤੇ ਜਾਣ ਦੀ ਘਟਨਾ ਦੀ ਨਿੰਦਾ ਕਰਦਿਆਂ ਟੀਐੱਮਸੀ ਦੇ ਕੌਮੀ ਸਕੱਤਰ ਅਭਿਸ਼ੇਕ ਬੈਨਰਜੀ ਨੇ ਅੱਜ ਕਿਹਾ ਕਿ ਔਰਤਾਂ ਹਰ ਰੋਜ਼ ਖੌਫ ਦਾ ਸਾਹਮਣਾ ਕਰ ਰਹੀਆਂ ਹਨ ਕਿਉਂਕਿ ਕੇਂਦਰ ਸਰਕਾਰ ਹਾਲਾਤ ਨੂੰ ਬਦਤਰ ਬਣਾਉਣ ਤੋਂ ਵੱਧ ਹੋਰ ਕੁਝ ਨਹੀਂ ਕਰ ਰਹੀ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਨਿਸ਼ਾਨੇ 'ਤੇ ਲੈਂਦਿਆਂ ਟੀਐੱਮਸੀ ਦੇ ਡਾਇਮੰਡ ਹਾਰਬਰ ਤੋਂ ਸੰਸਦ ਮੈਂਬਰ ਨੇ ਇਹ ਵੀ ਕਿਹਾ ਕਿ ਦੇਸ਼ 'ਚ ਅਮਨ ਕਾਨੂੰਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ। ਉਨ੍ਹਾਂ ਟਵੀਟ ਕੀਤਾ, 'ਅਮਿਤ ਸ਼ਾਹ ਦੀ ਨਿਗਰਾਨੀ ਹੇਠਲੀ ਕੌਮੀ ਰਾਜਧਾਨੀ 'ਚ ਨੌਂ ਸਾਲ ਦੀ ਬੱਚੀ ਦਾ ਕਥਿਤ ਜਬਰ ਜਨਾਹ ਕੀਤਾ ਗਿਆ ਤੇ ਉਸ ਸਸਕਾਰ ਕਰ ਦਿੱਤਾ ਗਿਆ।' ਉਨ੍ਹਾਂ ਇਹ ਵੀ ਜਾਣਨਾ ਚਾਹਿਆ ਕਿ ਕੀ ਦਿੱਲੀ ਦੇ ਨਵੇਂ ਨਿਯੁਕਤ ਕੀਤੇ ਪੁਲੀਸ ਕਮਿਸ਼ਨਰ ਰਾਕੇਸ਼ ਅਸਥਾਨਾ ਹੋਰ ਕੰਮਾਂ 'ਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ, 'ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਔਰਤਾਂ ਲੜਕੀਆਂ ਰੋਜ਼ਾਨਾ ਖੌਫ 'ਚ ਜੀਅ ਰਹੀਆਂ ਹਨ ਤੇ ਇਸ ਤੋਂ ਸਿਰਫ਼ ਇਹ ਜ਼ਾਹਿਰ ਹੁੰਦਾ ਹੈ ਕਿ ਗ੍ਰਹਿ ਮੰਤਰੀ ਕਿੰਨੇ ਗ਼ੈਰ-ਸੰਵੇਦਨਸ਼ੀਲ ਹਨ।' -ਪੀਟੀਆਈ



# ਹੈਦਰਾਬਾਦ ਮੁਕਾਬਲਾ ਕੇਸ ਦੀ ਜਾਂਚ ਲਈ ਬਣੇ ਕਮਿਸ਼ਨ ਨੂੰ ਛੇ ਮਹੀਨੇ ਹੋਰ ਮਿਲੇ

**ਨਵੀਂ ਦਿੱਲੀ, 3 ਅਗਸਤ**

ਹੈਦਰਾਬਾਦ 'ਚ ਜਬਰ-ਜਨਾਹ ਕੇਸ ਦੇ ਮੁਲਜ਼ਮਾਂ ਦੀ ਪੁਲੀਸ ਮੁਕਾਬਲੇ ਵਿਚ ਹੋਈ ਮੌਤ ਦੀ ਜਾਂਚ ਕਰ ਰਹੇ ਕਮਿਸ਼ਨ ਨੂੰ ਸੁਪਰੀਮ ਕੋਰਟ ਨੇ ਛੇ ਮਹੀਨੇ ਦਾ ਹੋਰ ਸਮਾਂ ਦੇ ਦਿੱਤਾ ਹੈ। ਇਸ ਕਮਿਸ਼ਨ ਦੀ ਅਗਵਾਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਵੀ.ਐੱਸ. ਸਿਰਪੁਰਕਰ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਹੈਦਰਾਬਾਦ ਵਿਚ ਵੈਟਰਨਰੀ ਡਾਕਟਰ ਮਹਿਲਾ ਨਾਲ ਜਬਰ-ਜਨਾਹ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਪੁਲੀਸ ਮੁਕਾਬਲੇ ਵਿਚ ਮਗਰੋਂ ਚਾਰ ਮੁਲਜ਼ਮ ਮਾਰੇ ਗਏ ਸਨ। ਜਾਂਚ ਕਮਿਸ਼ਨ ਵੱਲੋਂ ਪੇਸ਼ ਹੋਏ ਵਕੀਲ ਨੂੰ ਚੀਫ਼ ਜਸਟਿਸ ਐਨ.ਵੀ. ਰਾਮੰਨਾ ਨੇ ਪੁੱਛਿਆ ਕਿ ਉਨ੍ਹਾਂ ਨੂੰ ਹੋਰ ਕਿੰਨਾ ਸਮਾਂ ਚਾਹੀਦਾ ਹੈ। ਅਦਾਲਤ ਦੇ ਬੈਂਚ ਨੇ ਇਸ ਮੌਕੇ ਇਸੇ ਤਰ੍ਹਾਂ ਦੇ ਇਕ ਹੋਰ ਜਾਂਚ ਕਮਿਸ਼ਨ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਯੂਪੀ ਦੇ ਵਿਕਾਸ ਦੂਬੇ ਐਨਕਾਊਂਟਰ ਮਾਮਲੇ ਵਿਚ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ ਪਹਿਲਾਂ ਹੀ ਦਾਇਰ ਕਰ ਦਿੱਤੀ ਹੈ। ਹੈਦਰਾਬਾਦ ਕੇਸ ਦੀ ਜਾਂਚ ਲਈ ਬਣੇ ਕਮਿਸ਼ਨ ਦੇ ਵਕੀਲ ਨੇ ਕਿਹਾ ਕਿ ਕਰੀਬ 130 ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਕੋਵਿਡ ਕਾਰਨ ਕੰਮ ਵਿਚ ਅੜਿੱਕਾ ਵੀ ਪਿਆ ਹੈ। ਵਕੀਲ ਦੀ ਦਲੀਲ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਛੇ ਮਹੀਨੇ ਹੋਰ ਦੇ ਦਿੱਤੇ। ਸਿਰਪੁਰਕਰ ਪੈਨਲ ਦਾ ਗਠਨ ਦਸੰਬਰ, 2019 ਵਿਚ ਕੀਤਾ ਗਿਆ ਸੀ। -ਪੀਟੀਆਈ

PUBLIC NOTICE

Sealed Bids are invited for setting up Milk Booth/Bar in Urban Estates falling in the jurisdiction of ADA/PUDA, Amritsar from **04/08/2021 to 10/08/2021 upto 11:00AM.**

| No. | Name of District | Reserved Bid Amount |
|---|---|---|
| 1. | Amritsar | Rs. 1500/-per month for Residential area<br>Rs. 2000/-per month for Commercial area |
| 2. | Gurdaspur | Rs. 1000/-per month for Residential area<br>Rs. 1350/-per month for Commercial area |
| 3. | Pathankot | Rs. 1000/-per month for Residential area<br>Rs. 1350/-per month for Commercial area |

For more information and terms and conditions of rent you can see the ADA website **www.adaamritsar.gov.in.** **EO/DE, ADA, Amritsar.**

ਦਫ਼ਤਰ ਨਗਰ ਨਿਗਮ, ਬਠਿੰਡਾ
ਨੰ: 1080/ਵ
ਟੈਂਡਰ ਨੋਟਿਸ
ਮਿਤੀ: 02.08.2021

ਨਗਰ ਨਿਗਮ, ਬਠਿੰਡਾ ਵੱਲੋਂ E-tender No. MCB/2021-22/021 ਰਾਹੀਂ 16 ਕੰਮਾਂ (ਅਨੁਮਾਨਤ ਲਾਗਤ 429.77 ਲੱਖ ਰੁਪਏ) ਦੇ ਟੈਂਡਰਾਂ ਲਈ ਰਜਿਸਟਰਡ ਕੋ-ਆਪ: ਐਲ/ਸੀ ਸੁਸਾਇਟੀਆਂ (ਪੀ.ਡਬਲਿਊ.ਡੀ. ਬੀ. ਐਂਡ ਆਰ.) ਪੰਜਾਬ/ਠੇਕੇਦਾਰ ਅਤੇ ਏਜੰਸੀਆਂ ਪਾਸੋਂ ਡਬਲ ਬਿੱਡ ਸਿਸਟਮ ਦੇ ਆਧਾਰ 'ਤੇ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਮੰਗੇ ਜਾਂਦੇ ਹਨ।

| Sr. No. | Last date & time of online sale/submission of Bidding Document | Opening of Technical Bid Documents | Opening of Financial Bidding Documents |
|---|---|---|---|
| 1 to 4 | 10.08.2021 11:00 AM | 10.08.2021 12.30 PM | 10.08.2021 15:00 PM |
| 5 to 16 | 17.08.2021 11:00 AM | 17.08.2021 12.30 PM | 17.08.2021 15:00 PM |

ਨੋਟ: ਵਿਸਥਾਰਿਤ ਟੈਂਡਰ ਮੰਗਣ ਅਤੇ ਹੋਰ ਨਿਯਮਾਂ ਅਤੇ ਸ਼ਰਤਾਂ ਲਈ ਜਾਂ ਕਿਸੇ ਹੋਰ ਪੁੱਛਗਿੱਛ ਲਈ ਵੈੱਬਸਾਈਟ mcbathinda.com ਅਤੇ www.eproc.punjab.gov.in ਪੀ.ਆਈ.ਡੀ. ਹੈਲਪਡੈਸਕ ਮੋਬਾਈਲ ਨੰ. 0172-2970263, 0172-2970284 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਨਗਰ ਨਿਗਮ ਦੇ ਦਫ਼ਤਰ ਵਿਖੇ ਨੋਟਿਸ ਬੋਰਡ 'ਤੇ ਵੇਖੀਆਂ ਜਾ ਸਕਦੀਆਂ ਹਨ।
ਨੋਟ: ਇਨ੍ਹਾਂ ਕੰਮਾਂ ਸਬੰਧੀ ਕੋਰੀਜੰਡਮ ਸਿਰਫ਼ ਵੈੱਬਸਾਈਟ www.eproc.punjab.gov.in/ਨਗਰ ਨਿਗਮ ਦੇ ਨੋਟਿਸ ਬੋਰਡ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
DPR/Pb/6445
ਸਹੀ/- ਨਿਗਮ ਇੰਜੀਨੀਅਰ, ਨਗਰ ਨਿਗਮ, ਬਠਿੰਡਾ।

# ਸੁਪਰੀਮ ਕੋਰਟ ਨੇ ਐੱਨਜੀਟੀ ਦੇ ਹੁਕਮਾਂ 'ਤੇ ਰੋਕ ਲਾਈ

**ਨਵੀਂ ਦਿੱਲੀ, 3 ਅਗਸਤ**

ਸੁਪਰੀਮ ਕੋਰਟ ਨੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਦੇ ਉਸ ਹੁਕਮ ਉਤੇ ਰੋਕ ਲਾ ਦਿੱਤੀ ਹੈ ਜਿਸ ਵਿਚ ਪਾਰਕਾਂ ਨੂੰ ਸਮਾਜਿਕ, ਵਪਾਰਕ, ਸ਼ਾਦੀਆਂ ਤੇ ਹੋਰ ਅਜਿਹੇ ਸਮਾਗਮਾਂ ਲਈ ਵਰਤਣ ਤੋਂ ਮਨ੍ਹਾਂ ਕੀਤਾ ਗਿਆ ਹੈ। ਜਸਟਿਸ ਇੰਦਰਾ ਬੈਨਰਜੀ ਤੇ ਵੀ. ਰਾਮਾਸੁਬਰਾਮਣੀਅਨ ਨੇ ਨਾਲ ਹੀ ਕਿਹਾ ਕਿ ਕਿਸੇ ਵੀ ਸੂਰਤ ਵਿਚ ਪਾਰਕਾਂ ਨੂੰ ਅਜਿਹੇ ਮੰਤਵਾਂ ਲਈ ਦਸ ਦਿਨ ਤੋਂ ਵੱਧ ਵਰਤਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ। ਇਸ ਮਾਮਲੇ ਵਿਚ ਨਗਰ ਨਿਗਮਾਂ ਨੇ ਪਟੀਸ਼ਨਾਂ ਦਾਇਰ ਕੀਤੀਆਂ ਸਨ। ਐਨਜੀਟੀ ਨੇ ਚਾਰ ਫਰਵਰੀ ਨੂੰ ਇਸ ਬਾਰੇ ਹੁਕਮ ਦਿੱਤੇ ਸਨ। ਉੱਤਰ ਦਿੱਲੀ ਨਗਰ ਨਿਗਮ ਵੱਲੋਂ ਪੇਸ਼ ਹੋਏ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੱਜਮੈਂਟ ਅਪੀਲੀ ਧਿਰਾਂ ਨੂੰ ਬਿਨਾਂ ਨੋਟਿਸ ਜਾਰੀ ਕੀਤਿਆਂ ਦਿੱਤੀ ਗਈ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਜਵਾਬ ਦੇਣ ਵਾਲਿਆਂ ਧਿਰਾਂ ਨੂੰ ਨੋਟਿਸ ਕੱਢਿਆ ਜਾਵੇ। ਫ਼ਿਲਹਾਲ ਹੁਕਮ ਉਤੇ ਰੋਕ ਲਾਈ ਜਾਂਦੀ ਹੈ। ਐਨਜੀਟੀ ਨੇ ਆਪਣੇ ਫਰਵਰੀ ਦੇ ਹੁਕਮ ਵਿਚ ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਹੁਕਮ ਦਿੱਤਾ ਸੀ ਕਿ ਕੌਮੀ ਰਾਜਧਾਨੀ ਵਿਚ ਪਾਰਕਾਂ ਨੂੰ ਸਮਾਜਿਕ ਤੇ ਹੋਰ ਸਮਾਗਮਾਂ ਲਈ ਵਰਤਣ ਦੀ ਇਜਾਜ਼ਤ ਨਾ ਦਿੱਤੀ ਜਾਵੇ। -ਪੀਟੀਆਈ

# ਰੌਸ਼ਨ ਪ੍ਰਿੰਸ ਦੇ ਨਿਰਦੇਸ਼ਨ ਵਾਲੀ ਪਹਿਲੀ ਪੰਜਾਬੀ ਫ਼ਿਲਮ 'ਥਰਟੀਨ' ਦੀ ਸ਼ੂਟਿੰਗ ਸ਼ੁਰੂ



ਰੌਸ਼ਨ ਪ੍ਰਿੰਸ ਫ਼ਿਲਮ ਦੇ ਕਲਾਕਾਰਾਂ ਨਾਲ ਤਸਵੀਰ ਖਿਚਵਾਉਂਦੇ ਹੋਏ।

**ਵਿਨੀਪੈਗ ਵਿੱਚ ਸ਼ੁਰੂ ਹੋਈ ਸ਼ੂਟਿੰਗ**

**ਸੁਰਿੰਦਰ ਮਾਵੀ**
**ਵਿਨੀਪੈਗ, 3 ਅਗਸਤ**

'ਫੇਮ ਸਕੂਲ ਅਤੇ ਸਟੂਡੀਓ' ਵੱਲੋਂ ਬਣਾਈ ਜਾ ਰਹੀ ਮੈਨੀਟੋਬਾ ਦੀ ਪਹਿਲੀ ਪੰਜਾਬੀ ਫ਼ੀਚਰ ਫ਼ਿਲਮ 'ਥਰਟੀਨ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਗਈ ਹੈ। ਫ਼ਿਲਮ ਦਾ ਨਿਰਦੇਸ਼ਨ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਕਰਨਗੇ। ਫ਼ਿਲਮ ਦੇ ਨਿਰਮਾਤਾ ਗੁਰਪ੍ਰੀਤ ਸਿੰਘ ਖਹਿਰਾ ਨੇ ਕਿਹਾ ਕਿ ਅੱਜ ਦਾ ਦਿਨ ਮੈਨੀਟੋਬਾ ਵਿੱਚ ਪੰਜਾਬੀਆਂ ਲਈ ਇਤਿਹਾਸਕ ਦਿਨ ਹੋ ਨਿੱਬੜਿਆ ਹੈ। ਇਸ ਫ਼ਿਲਮ ਵਿੱਚ ਸੈਵੀ ਸੂਦ, ਹਰਲੀਨ ਕੌਰ ਤੇ ਰਾਜ ਮੁੱਖ ਭੂਮਿਕਾ ਨਿਭਾਉਣਗੇ। ਇਸ ਤੋਂ ਇਲਾਵਾ ਗੋਪਿਕਾ, ਰਾਜਵੀਰ ਤੇ ਗੌਰਵ ਵੀ ਇਸ ਫ਼ਿਲਮ ਵਿੱਚ ਅਹਿਮ ਭੂਮਿਕਾ ਵਿੱਚ ਨਜ਼ਰ ਆਉਣਗੇ।

ਹਰਲੀਨ ਕੌਰ ਨੇ ਕਿਹਾ, 'ਲੰਮੇ ਸਮੇਂ ਦੀ ਉਡੀਕ ਤੋਂ ਬਾਅਦ ਹੁਣ ਕੁਝ ਕਰ ਦਿਖਾਉਣ ਦਾ ਸਮਾਂ ਹੈ। ਇਹ ਮੌਕਾ ਦੇਣ ਲਈ ਮੈਂ ਪੂਰੀ ਟੀਮ ਦਾ ਧੰਨਵਾਦ ਕਰਦੀ ਹਾਂ।' ਫ਼ਿਲਮ ਦੇ ਨਿਰਦੇਸ਼ਕ ਰੌਸ਼ਨ ਪ੍ਰਿੰਸ ਨੇ ਕਿਹਾ, 'ਫ਼ਿਲਮ ਦੇ ਐਲਾਨ ਦੇ ਨਾਲ ਹੀ ਅਸੀਂ ਫ਼ਿਲਮ ਦੀ ਕਹਾਣੀ ਤੇ ਪਾਤਰਾਂ ਬਾਰੇ ਇਮਾਨਦਾਰੀ ਨਾਲ ਵਿਚਾਰ ਕੀਤਾ। ਮੈਂ ਆਸ ਕਰਦਾ ਹਾਂ ਕਿ ਸਭ ਕੁੱਝ ਠੀਕ ਰਹੇਗਾ ਅਤੇ ਅਸੀਂ ਆਪਣੇ ਕੰਮ ਨਾਲ ਨਿਆਂ ਕਰ ਸਕਾਂਗੇ।' ਉਸ ਨੇ ਕਿਹਾ, 'ਪੰਜਾਬੀ ਫ਼ਿਲਮ ਨਿਰਮਾਣ ਉਦਯੋਗ ਵਿੱਚ ਇਹ ਸਾਡਾ ਪਹਿਲਾ ਕਦਮ ਹੈ, ਅਸੀਂ ਇਸ ਬਾਰੇ ਬਹੁਤ ਉਤਸ਼ਾਹਿਤ ਹਾਂ।'

ਫ਼ਿਲਮ ਦੀ ਸ਼ੂਟਿੰਗ ਵਿਨੀਪੈਗ ਵਿੱਚ ਸ਼ੁਰੂ ਹੋ ਗਈ ਹੈ। ਰੌਸ਼ਨ ਪ੍ਰਿੰਸ ਨੇ ਦੱਸਿਆ ਕਿ ਇਹ 13 ਸਾਲ ਦੇ ਕੈਨੇਡੀਅਨ ਬੱਚੇ ਦੀ ਕਹਾਣੀ ਹੈ, ਜੋ ਸਾਰਿਆਂ ਨੂੰ ਪਸੰਦ ਆਵੇਗੀ। ਉਸ ਨੇ ਕਿਹਾ ਕਿ ਅੱਜ ਉਸ ਦਾ ਨਿਰਦੇਸ਼ਕ ਬਣਨ ਦਾ ਸੁਫ਼ਨਾ ਪੂਰਾ ਹੋਇਆ ਹੈ। ਫ਼ਿਲਮ ਦੇ ਮਹੂਰਤ ਸ਼ਾਟ ਤੋਂ ਪਹਿਲਾਂ ਫ਼ਿਲਮ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ।

ਪੰਜਾਬ ਸਰਕਾਰ
ਟੈਂਡਰ ਨੋਟਿਸ ਨੰ. 1629/XEN/O & M/B
ਮਿਤੀ: 3.8.2021

ਨਗਰ ਨਿਗਮ, ਲੁਧਿਆਣਾ ਵੱਲੋਂ ਹੇਠ ਲਿਖੇ ਅਨੁਸਾਰ ਡਬਲ ਬਿੱਡ ਸਿਸਟਮ 'ਤੇ ਈ-ਟੈਂਡਰ ਮੰਗੇ ਜਾ ਰਹੇ ਹਨ:-

| Sr. No. | Items | Amount |
|---|---|---|
| 1 | ਪ੍ਰਚੇਜ਼ ਆਫ ਮਸ਼ੀਨਰੀ ਫਾਰ ਏਅਰ ਕੁਆਲਿਟੀ/ਸੋਲਿਡ ਵੇਸਟ ਮੈਨੇਜਮੈਂਟ ਐਂਡ ਸੈਨੀਟੇਸ਼ਨ | ਅਪਲੋਡਿਡ ਡੀ.ਐਨ.ਆਈ.ਟੀ. ਅਨੁਸਾਰ |

ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮਾਂ : 17.08.2021 till 5.00 P.M.
ਟੈਕਨੀਕਲ ਬਿੱਡ ਖੋਲ੍ਹਣ ਦੀ ਮਿਤੀ ਅਤੇ ਸਮਾਂ : 18.08.2021 till 11.00 A.M.
ਫਾਇਨੈਂਸ਼ੀਅਲ ਬਿੱਡ ਖੋਲ੍ਹਣ ਦੀ ਮਿਤੀ ਅਤੇ ਸਮਾਂ : ਤਕਨੀਕੀ ਬੋਲੀ ਖੋਲ੍ਹਣ ਤੋਂ ਬਾਅਦ ਤਾਰੀਖ ਨਿਰਧਾਰਤ ਕੀਤੀ ਜਾਵੇਗੀ।
ਵਧੇਰੇ ਜਾਣਕਾਰੀ ਲਈ eproc.punjab.gov.in 'ਤੇ ਜਾਓ।
ਨੋਟ:- ਦਰੁਸਤੀਆਂ/ਸੋਧ/ਵਾਧਾ ਜੇਕਰ ਕੋਈ ਹੋਇਆ ਤਾਂ ਉਹ ਸਿਰਫ਼ ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ ਅਤੇ ਵੈੱਬਸਾਈਟ 'ਤੇ ਹੀ ਅਪਲੋਡ ਕੀਤਾ ਜਾਵੇਗਾ।

ਸਹੀ/- ਕਾਰਜਕਾਰੀ ਇੰਜੀਨੀਅਰ-ਓ ਐਂਡ ਐਮ., ਜ਼ੋਨ-ਬੀ,
ਨਗਰ ਨਿਗਮ, ਲੁਧਿਆਣਾ।
DPR/Pb/6450
e-mail: xenzoneb1234@gmail.com

Ph: 0160-5002445
MUNICIPAL COUNCIL, KURALI (DISTT S.A.S. NAGAR)
ਦਫਤਰ ਨਗਰ ਕੌਂਸਲ, ਕੁਰਾਲੀ (ਜ਼ਿਲ੍ਹਾ ਐਸ.ਏ.ਐਸ. ਨਗਰ)
email:municipalcouncilkurali@yahoo.in
Ref. no. MCK-1403
Dated: 2.8.2021
ਈ-ਟੈਂਡਰ ਨੋਟਿਸ

ਨਗਰ ਕੌਂਸਲ, ਕੁਰਾਲੀ ਵੱਲੋਂ ਲਗਪਗ 284.36 ਲੱਖ ਰੁਪਏ ਦੇ ਵਿਕਾਸ ਕਾਰਜਾਂ/ਲੇਬਰ ਸਪਲਾਈ ਸਬੰਧੀ ਸੁਸਾਇਟੀਆਂ/ਠੇਕੇਦਾਰਾਂ/ਫਰਮਾਂ ਪਾਸੋਂ ਆਨਲਾਈਨ ਈ-ਟੈਂਡਰਜ਼ ਮੰਗੇ ਜਾਂਦੇ ਹਨ, ਜਿਨ੍ਹਾਂ ਦਾ ਵੇਰਵਾ, ਟੈਂਡਰਾਂ ਸਬੰਧੀ ਸ਼ਰਤਾਂ ਅਤੇ ਭਵਿੱਖ ਵਿਚ ਕੋਈ ਵੀ ਕੋਰੀਜੰਡਮ ਵੈੱਬਸਾਈਟ https://eproc.punjab.gov.in 'ਤੇ ਦੇਖਿਆ ਜਾ ਸਕਦਾ ਹੈ। ਇਹ ਟੈਂਡਰ ਸੁਸਾਇਟੀਆਂ/ਠੇਕੇਦਾਰਾਂ ਵੱਲੋਂ ਉਕਤ ਵੈੱਬਸਾਈਟ 'ਤੇ ਹੀ ਭਰੇ ਜਾਣਗੇ।
**ਮਿਤੀ ਅਤੇ ਸਮਾਂ ਸ਼ਡਿਊਲ:-**

| ਆਨਲਾਈਨ ਟੈਂਡਰ ਭਰਨ ਦੀ ਅੰਤਿਮ ਮਿਤੀ ਅਤੇ ਸਮਾਂ | ਟੈਕਨੀਕਲ ਬਿੱਡ ਖੁੱਲ੍ਹਣ ਦੀ ਮਿਤੀ ਅਤੇ ਸਮਾਂ | ਵਿੱਤੀ ਬੋਲੀ ਖੋਲ੍ਹਣ ਦਾ ਸਮਾਂ |
|---|---|---|
| ਮਿਤੀ 26.08.2021, ਸਮਾਂ: ਸ਼ਾਮ 04.00 P.M. | ਮਿਤੀ 27.08.2021, ਸਮਾਂ: 11.00 A.M. | ਮਿਤੀ 27.08.2021, ਸਮਾਂ: 4.00 P.M. |

ਸਹੀ/- ਪ੍ਰਧਾਨ, ਨਗਰ ਕੌਂਸਲ, ਕੁਰਾਲੀ।
ਸਹੀ/- ਕਾਰਜਸਾਧਕ ਅਫਸਰ, ਨਗਰ ਕੌਂਸਲ, ਕੁਰਾਲੀ।
ਸਹੀ/-ਸਹਾਇਕ ਮਿਉਂਸਪਲ ਇੰਜੀਨੀਅਰ, ਨਗਰ ਕੌਂਸਲ, ਕੁਰਾਲੀ।
DPR/Pb/6458

Office of the
MUNICIPAL COUNCIL, RAMPURA PHUL (Bathinda)
ਦਫਤਰ ਨਗਰ ਕੌਂਸਲ, ਰਾਮਪੁਰਾ ਫੂਲ (ਬਠਿੰਡਾ)
E-mail ID- mcrampura@yahoo.com
ਟੈਂਡਰ ਨੋਟਿਸ ਹਵਾਲਾ ਨੰ. 1131
ਮਿਤੀ: 3.8.2021

ਮਹਿਕਮਾ ਸਥਾਨਕ ਸਰਕਾਰ ਨਗਰ ਕੌਂਸਲ, ਰਾਮਪੁਰਾ ਫੂਲ ਵੱਲੋਂ ਵਿਕਾਸ ਦੇ ਕੰਮਾਂ ਲਈ ਆਨਲਾਈਨ ਟੈਂਡਰਾਂ ਦੀ ਮੰਗ ਕੀਤੀ ਗਈ ਹੈ। (ਰਕਮ ਤਖ਼ਮੀਨਾ: **70.00** ਲੱਖ ਰੁਪਏ) ਅੰਤਿਮ ਮਿਤੀ 24.08.2021 ਤੇ ਸਮਾਂ ਬਾਅਦ ਦੁਪਹਿਰ 4.00 ਵਜੇ।

| Sr. No. | Online Sale of Bidding | Last Date of Online Submission of Bidding Documents | Opening of Bidding Documents |
|---|---|---|---|
| 1 | Up to 24.08.2021, 11.00 A.M. | 24.08.2021, 11.30 A.M. | 24.08.2021, 4.00 P.M. |

ਵਿਸਤ੍ਰਿਤ ਜਾਣਕਾਰੀ ਲਈ ਈ-ਟੈਂਡਰ 'ਤੇ ਲਾਗਆਨ ਕਰੋ (http://eproc.punjabgovt.gov.in)
ਈਮੇਲ ਆਈ.ਡੀ.- mcrampura@yahoo.com
**Note:-** Any corrigendum (s) to the Auction Notice shall be pblished on the above website only.

ਸਹੀ/- ਕਾਰਜਸਾਧਕ ਅਫਸਰ,
ਨਗਰ ਕੌਂਸਲ, ਰਾਮਪੁਰਾ ਫੂਲ।
DPR/Pb/6465

ਐਸਐਮਐਲ ਇਸੂਜ਼ੂ ਲਿਮਟਿਡ
CIN - L50101PB1983PLC005516.
ਰਜਿ. ਦਫਤਰ: ਪਿੰਡ ਅਸਰੋਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਪੰਜਾਬ-144533.
ਫੋਨ: (91)-1881-270255, ਫੈਕਸ: (91)-1881-270223.
ਇ-ਮੇਲ: investors@smlisuzu.com ਵੈਬਸਾਇਟ: www.smlisuzu.com

ਸੂਚਨਾ

ਕੰਪਨੀਜ਼ ਐਕਟ, 2013 ਦੀ ਧਾਰਾ 201 ਅਧੀਨ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 26 ਮਾਰਚ 2021 ਨੂੰ ਹੋਈ ਕੰਪਨੀ ਦੀ ਮੀਟਿੰਗ ਵਿੱਚ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵਲੋਂ ਪ੍ਰਵਾਨਤ ਅਤੇ ਬਾਅਦ ਵਿੱਚ 30 ਜੁਲਾਈ 2021 ਨੂੰ ਹੋਈ ਕੰਪਨੀ ਦੀ ਸਲਾਨਾ ਜਨਰਲ ਮੀਟਿੰਗ ਵਿੱਚ ਵਿਸ਼ੇਸ ਪ੍ਰਸਤਾਵ ਰਾਹੀਂ ਕੰਪਨੀ ਦੇ ਸ਼ੇਅਰ ਹੋਲਡਰਜ਼ ਵਲੋਂ ਪ੍ਰਵਾਣਤ, ਬਤੌਰ ਮੈਨੇਜਿੰਗ ਡਾਇਰੈਕਟਰ ਅਤੇ ਸੀ.ਈ.ਓ. Mr. Junya Yamanishi (DIN 09174162) 20 ਮਈ 2021 ਤੋਂ ਦੀ ਨਿਯੁਕਤੀ ਵਾਸਤੇ ਸਵੀਕ੍ਰਿਤੀ ਪ੍ਰਾਪਤ ਕਰਨ ਲਈ ਕੇਂਦਰੀ ਸਰਕਾਰ ਕੋਲ ਸ਼ੈਡੀਊਲ–5 ਨਾਲ ਪੜ੍ਹੀ ਜਾਣ ਵਾਲੀ ਧਾਰਾ 196 ਅਤੇ ਹੋਰ ਲਾਗੂ ਵਿਵਸਥਾਵਾਂ, ਜੇਕਰ ਕੋਈ ਹੋਵੇ, ਅਧੀਨ ਦਰਖਾਸਤ ਕੀਤੀ ਜਾ ਰਹੀ ਹੈ।

ਐਸਐਮਐਲ ਇਸੂਜ਼ੂ ਲਿਮਟਿਡ
(ਪਰਵੇਸ਼ ਮਦਾਨ)
ਕੰਪਨੀ ਸਕੱਤਰ
ਏ.ਸੀ.ਐਸ. 31266
ਥਾਂ : ਚੰਡੀਗੜ੍ਹ
ਮਿਤੀ: 03.08.2021

## ਜੱਜ ਦੀ ਮੌਤ ਦਾ ਮਾਮਲਾ: ਸੀਬੀਆਈ ਨੂੰ ਜਲਦ ਤੋਂ ਜਲਦ ਜਾਂਚ ਦੇ ਨਿਰਦੇਸ਼

**ਰਾਂਚੀ, 3 ਅਗਸਤ**

ਝਾਰਖੰਡ ਹਾਈ ਕੋਰਟ ਨੇ ਅੱਜ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਨੂੰ ਧਨਬਾਦ ਜ਼ਿਲ੍ਹਾ ਜੱਜ ਉਤਮ ਅਨੰਦ ਦੀ ਮੌਤ ਦੇ ਮਾਮਲੇ ਦੀ ਜਾਂਚ ਜਲਦ ਤੋਂ ਜਲਦ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਧਨਬਾਦ ਵਿੱਚ 28 ਜੁਲਾਈ ਨੂੰ ਸਵੇਰ ਦੀ ਸੈਰ ਕਰ ਰਹੇ 49 ਸਾਲਾ ਜੱਜ ਨੂੰ ਇੱਕ ਆਟੋ ਰਿਕਸ਼ਾ ਨੇ ਕੁਚਲ ਦਿੱਤਾ ਸੀ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਸ਼ਨਿੱਚਰਵਾਰ ਨੂੰ ਇਹ ਮਾਮਲਾ ਸੀਬੀਆਈ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਸੀ। -ਪੀਟੀਆਈ

# ਵਿਰੋਧੀ ਧਿਰਾਂ ਆਪਣਾ ਕੰਮ ਠੀਕ ਢੰਗ ਨਾਲ ਨਹੀਂ ਕਰ ਰਹੀਆਂ: ਵਿੱਜ

**ਰਾਹੁਲ ਗਾਂਧੀ ਨੂੰ ਆਪਣੀ ਪਾਰਟੀ ਉੱਤੇ ਧਿਆਨ ਕੇਂਦਰਿਤ ਕਰਨ ਦੀ ਸਲਾਹ**

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 3 ਅਗਸਤ**



ਪੈਗਾਸਸ ਜਾਸੂਸੀ ਮਾਮਲੇ ਅਤੇ ਕੇਂਦਰੀ ਖੇਤੀ ਕਾਨੂੰਨਾਂ ਸਬੰਧੀ ਸੰਸਦ ਵਿੱਚ ਭਾਰੀ ਹੰਗਾਮੇ ਦੌਰਾਨ ਅੱਜ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਵਿਰੋਧੀ ਦਲਾਂ ਦੀ ਮੀਟਿੰਗ ਬਲਾਉਣ 'ਤੇ ਟਿੱਪਣੀ ਕਰਦਿਆਂ ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਅੱਜ ਮੀਟਿੰਗ ਕਰਨ ਵਾਲੀਆਂ ਸਿਆਸੀ ਪਾਰਟੀਆਂ ਜਦੋਂ ਸੱਤਾ 'ਤੇ ਕਾਬਜ਼ ਸਨ, ਉਦੋਂ ਵੀ ਆਪਣਾ ਕੰਮ ਕਰਨ ਵਿੱਚ ਫੇਲ੍ਹ ਸਾਬਤ ਹੋਈਆਂ ਸਨ ਤੇ ਹੁਣ ਵਿਰੋਧੀ ਧਿਰ ਵਿੱਚ ਰਹਿ ਕੇ ਵੀ ਆਪਣਾ ਕੰਮ ਕਰਨ ਵਿੱਚ ਕਾਮਯਾਬ ਨਹੀਂ ਹੋ ਪਾ ਰਹੀਆਂ।

ਸ੍ਰੀ ਵਿੱਜ ਨੇ ਕਿਹਾ ਕਿ ਵਿਰੋਧੀ ਧਿਰ ਦਾ ਮੁੱਖ ਕੰਮ ਸੰਸਦ ਵਿੱਚ ਸਹੀ ਢੰਗ ਨਾਲ ਲੋਕਾਂ ਦੇ ਮੁੱਦਿਆਂ ਨੂੰ ਚੁੱਕਣਾ ਹੁੰਦਾ ਹੈ, ਜਿਸ ਦਾ ਸੱਤਾਧਾਰੀ ਧਿਰ ਵੱਲੋਂ ਜਵਾਬ ਦਿੱਤਾ ਜਾਵੇ ਪਰ ਵਿਰੋਧੀ ਪਾਰਟੀਆਂ ਲੋਕ ਮੁੱਦੇ ਚੁੱਕਣ ਦੀ ਥਾਂ ਹੰਗਾਮਾ ਕਰ ਰਹੀਆਂ ਹਨ। ਇਸ ਨਾਲ ਸੰਸਦ ਦਾ ਸਮਾਂ ਖ਼ਰਾਬ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਸੰਸਦ ਵਿੱਚ ਮੁੱਦਿਆਂ 'ਤੇ ਬਹਿਸ ਕਰੇ। ਸ੍ਰੀ ਵਿੱਜ ਨੇ ਰਾਹੁਲ ਗਾਂਧੀ ਵੱਲੋਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਚਾਹ 'ਤੇ ਬੁਲਾਉਣ ਬਾਰੇ ਕਿਹਾ, 'ਰਾਹੁਲ ਗਾਂਧੀ ਵੱਖ-ਵੱਖ ਰਾਜਸੀ ਪਾਰਟੀਆਂ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਹ ਆਪਣੀ ਪਾਰਟੀ ਵੱਲ ਧਿਆਨ ਕੇਂਦਰਿਤ ਕਰਨ।'

ਸਰਕੂਲੇਸ਼ਨ, ਇਸ਼ਤਿਹਾਰ ਬੁਕਿੰਗ ਅਤੇ ਹੋਰ ਸਬੰਧਤ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਲਿਖੇ ਨੰਬਰਾਂ 'ਤੇ ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10.00 ਵਜੇ ਤੋਂ ਸ਼ਾਮੀਂ 5.00 ਵਜੇ ਤੱਕ ਸੰਪਰਕ ਕਰੋ:
**ਸਰਕੂਲੇਸ਼ਨ:**
0172-2670319, 2670250, 2670442
**ਜਾਂ ਈ-ਮੇਲ ਕਰੋ:**
circulation@tribunemail.com
**ਇਸ਼ਤਿਹਾਰ:**
**ਕਲਾਸੀਫਾਈਡ:** 0172-2670257, 2670338
**ਜਾਂ ਈ-ਮੇਲ ਕਰੋ:**
classified@tribunemail.com
**ਡਿਸਪਲੇਅ:** 0172-2670256, 2670342
**ਜਾਂ ਈ-ਮੇਲ ਕਰੋ:**
advt@tribunemail.com

Printed and published by Swaraj Bir Singh for The Tribune Trust
Printed at The Tribune Press, Sector 29-C, Chandigarh.
Published at The Tribune, Sector 29-C, Chandigarh.
RNI No. 32197/78
Copyright © The Tribune Trust. All rights reserved.
Telephones: 2655066-72
Online Edition www.punjabitribuneonline.com
Email (News): pt@tribuneindia.com
Email (Articles and Magazine): ptarticles@tribunemail.com
Circulation: 0172-2670419, Advertisement: 0172-2670256, 257
**Editor: Swaraj Bir Singh***
***Editor for purpose of PRB Act, 1867**

ਉੱਤਰ ਰੇਲਵੇ
ਈ-ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਡਵੀਜ਼ਨ ਯਾਂਤ੍ਰਿਕ ਇੰਜੀਨੀਅਰ/ਓ&ਐਫ ਅੰਬਾਲਾ ਦੇ ਦੁਆਰਾ ਈ-ਟੈਂਡਰ ਨੰਬਰ 221-S/4/2/Super Heated Element/KC-520/KLK/M-4 ਦੇ ਅੰਤਰਗਤ ਖੁਲੀ ਟੈਂਡਰ ਮੰਗ ਕੀਤੀ ਜਾਂਦੀ ਹੈ ਜਿਸ ਦੇ ਬੰਦ ਹੋਣ ਦੀ ਮਿਤੀ ਤੇ ਸਮਾਂ 25.08.2021, 11.00 AM ਹੈ। ਜੋ ਉਸੀ ਦਿਨ ਵੈਬਸਾਈਟ ਉਤੇ ਖੋਲੀ ਜਾਵੇਗੀ। ਇਸ ਟੈਂਡਰ ਦੇ ਅੰਤਰਗਤ ਮੈਨੂਅਲ ਆਫਰ ਸਵੀਕਾਰ ਨਹੀਂ ਹੋਣਗੇ। ਟੈਂਡਰ ਤੋਂ ਸਬੰਧਿਤ ਹੋਰ ਜਾਣਕਾਰੀ ਵੈਬਸਾਈਟ www.ireps.gov.in ਉਤੇ ਦੇਖੋ ਟੈਂਡਰਰ ਧਿਆਨ ਦੇਵੇ ਕਿ ਟੈਂਡਰ ਮੁਲ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ through online payment ਮੋਡ ਦੇ ਦੁਆਰਾ ਜੋ ਕਿ IREPS ਉਤੇ ਉਪਲਬਧ ਹੈ ਜਿਸ ਤਰਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਆਰਾ ਤੋਂ ਹੀ ਸਵੀਕਾਰਯ ਹੈ ਡਿਮਾਂਡ ਡਰਾਫਟ, ਬੈਂਕਰਸ ਚੇਕ, ਜਮਾਂ ਰਸੀਦਾਂ, ਐਫਡੀਆਰ ਆਦਿ ਦੇ ਦੁਆਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਕੰਮ ਦਾ ਨਾਮ | ਡੀਜ਼ਲ ਸ਼ੈਡ ਕਾਲਕਾ ਵਿਚ ਸਟੀਮ ਇੰਜਨ KC-520 ਦੇ ਸੁਪਰ ਹੀਟਿਡ ਏਲੀਮੇਂਟ ਟੂਬਸ ਦੇ ਬਦਲਣ ਲਈ ਸ਼ਿਮਲਾ ਵਿਚ ਇਕ ਵਾਰ (90 ਦਿਨ) ਦੇ ਸਮੇਂ ਦਾ ਕੰਟ੍ਰੈਕਟ। | | |
|---|---|---|---|
| ਟੈਂਡਰ ਟਾਇਪ | ਓਪਨ | ਬਿਡਿੰਗ ਸਿਸਟਮ | ਇਕ ਪੈਕਟ ਸਿਸਟਮ |
| ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮਾਂ | 25.08.2021, ਵਕਤ 11:00 | ਅਪਲੋਡਿੰਗ ਮਿਤੀ | 03.08.2021 11:51 |
| ਪ੍ਰੀ ਬਿਡ ਹਾਂ/ਨਹੀਂ | ਨਹੀਂ | ਪ੍ਰੀ ਬਿਡ ਕਵੇਰੀ ਮਿਤੀ ਅਤੇ ਸਮਾਂ | ਨਹੀਂ |
| ਵਿਗਿਆਪਨ ਮੁਲ | ਰੁ: 495000.00 | ਟੈਂਡਰਿੰਗ ਸੈਕਸ਼ਨ | ਓ ਐਂਡ ਐਫ |
| ਬਿਆਨਾ ਰਾਸ਼ੀ | Rs. 0.00 ਬਿਆਨਾ ਰਾਸ਼ੀ ਦੀ ਜਗ੍ਹਾਂ ਬਿਆਨਾ ਰਾਸ਼ੀ ਦਾ ਘੋਸ਼ਣਾ ਪੱਤਰ | ਟੈਂਡਰ ਦੀ ਵੈਧਤਾ | 45 ਦਿਨ |
| ਟੈਂਡਰ ਡਾਕਯੂਮੈਂਟ ਮੁਲ | Rs.Nil | ਕੰਮ ਦਾ ਸਮਾਂ | 90 ਦਿਨ |
| ਬਿਡਿੰਗ ਸਟਾਰਟ ਡੇਟ | 11.08.2021 | ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | 25.08.2021 11.30 |

ਟੈਂਡਰ ਨੰ: 221/S/4/2/Super Heated Element/KC-520/KLK/M-4, ਮਿਤੀ 03.08.2021 1739/2021
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪੰਜਾਬ ਵਾਟਰ ਰਿਸੋਰਸਿਜ਼ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ,
ਐਸ.ਸੀ.ਓ. ਨੰ. 2, ਫੇਜ਼-1, ਐਸਏਐਸ ਨਗਰ
ਵੈੱਬਸਾਈਟ: http://eproc.punjab.gov.in
ਟੈਂਡਰ ਨੋਟਿਸ
ਈ-ਟੈਂਡਰ ਨੋਟਿਸ ਨੰ. 01/2021-22/PWRMDC/SAS NAGAR/
ਮਿਤੀ: 03.8.2021
ਸੁਰੱਖਿਅਤ ਆਨਲਾਈਨ ਟੈਂਡਰ ਜਮ੍ਹਾਂ ਕਰਵਾਉਣਾ

ਸਾਡੀ ਵੈੱਬਸਾਈਟ http://etender.punjabgovt.gov.in ਰਾਹੀਂ ਰਾਜਪਾਲ ਪੰਜਾਬ ਦੀ ਤਰਫੋਂ ਹੇਠ ਦਰਸਾਏ ਵੇਰਵੇ ਦੇ ਅਨੁਸਾਰ ਨਿਮਨ ਸ਼ੈਡਿਊਲ ਦੇ ਅਨੁਰੂਪ ਜ਼ਿਲ੍ਹਾ ਐਸਏਐਸ ਨਗਰ (502 ਅਦਦ ਡੀਪ ਟੀ/ਵੈਲ ਸਕੀਮ ਦੇ ਅਧੀਨ) ਦੇ ਬਲਾਕ ਡੇਰਾਬਸੀ ਤੇ ਸਿਆਲਬਾ ਮਾਜਰੀ ਵਿਚ 07 ਅਦਦ ਡੀਪ ਟੀ/ਵੈਲ ਦੀ ਸਿਕਿੰਗ ਤੇ ਸਥਾਪਨਾ ਵਾਸਤੇ ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ (ਕੋਆਪ੍ਰੇਸ਼ਨ-I ਸ਼ਾਖਾ) ਨੰ. 76/52/79-ਸੀ-1(5)8856 ਮਿਤੀ 04.11.2019 ਦੀ ਅਧਿਸੂਚਨਾ ਦੇ ਅਨੁਰੂਪ ਸਿਰਫ਼ ਪੰਜਾਬ ਲੋ ਨਿ ਵਿ (ਪ੍ਰਿੰਸੀਪਲ ਵਿਭਾਗ) ਭ ਤੇ ਮ ਨਾਲ ਰਜਿਸਟਰਡ ਕਿਰਤ ਤੇ ਉਸਾਰੀ ਸਭਾਵਾਂ ਅਤੇ ਪੰਜਾਬ ਸਿੰਜਾਈ ਵਿਭਾਗ, ਪੀਡਬਲਿਊਆਰਐਮਡੀਸੀ ਪੰਜਾਬ ਨਾਲ ਰਜਿਸਟਰਡ ਪ੍ਰਵਾਨਤ ਤੇ ਪਾਤਰ ਠੇਕੇਦਾਰਾਂ/ਏਜੰਸੀਆਂ ਤੋਂ ਐਗਰੀਮੈਂਟ ਆਧਾਰ 'ਤੇ ਈ ਟੈਂਡਰ ਮੰਗੇ ਜਾਂਦੇ ਹਨ।
**ਮਹੱਤਵਪੂਰਨ ਮਿਤੀਆਂ ਅਤੇ ਸਮਾਂ:**

| ਇਵੈਂਟਸ | ਮਿਤੀ | ਸਮਾਂ |
|---|---|---|
| ਟੈਂਡਰ ਵਿਕਰੀ ਦੀ ਸ਼ੁਰੂਆਤ | 04.8.2021 | 12.30 ਵਜੇ |
| ਪੂਰਵ ਬੋਲੀ ਮੀਟਿੰਗ | 11.8.2021 | 12.30 ਵਜੇ |
| ਟੈਂਡਰ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | 25.8.2021 | 10.00 ਵਜੇ |
| ਤਕਨੀਕੀ ਬੋਲੀ ਖੋਲ੍ਹਣਾ | 25.8.2021 | 12.00 ਵਜੇ |
| ਮਾਲੀ ਬੋਲੀ ਖੋਲ੍ਹਣਾ | ਤਕਨੀਕੀ ਬੋਲੀ ਦਾ ਮੁੱਲਾਂਕਣ ਕਰਨ ਤੋਂ ਬਾਅਦ | -- |

ਸਾਰੀ ਟੈਂਡਰ ਪ੍ਰਕਿਰਿਆ ਜਿਵੇਂ ਕਿ ਟੈਂਡਰ ਦਸਤਾਵੇਜ਼ਾਂ ਦੀ ਵਿਕਰੀ, ਪ੍ਰਾਸੈਸਿੰਗ ਫੀਸ, ਬਿਆਨਾ ਰਕਮ ਜਮ੍ਹਾਂ ਕਰਵਾਉਣ ਅਤੇ ਬੋਲੀ ਦਸਤਾਵੇਜ਼ ਜਮ੍ਹਾਂ ਕਰਵਾਉਣਾ ਆਦਿ ਸਾਡੀ ਵੈੱਬਸਾਈਟ https://eproc.punjab.gov.in ਰਾਹੀਂ ਆਨਲਾਈਨ ਕੀਤੀ ਜਾਵੇਗੀ।

ਸਹੀ/- ਮੰਡਲ ਇੰਜੀਨੀਅਰ,
ਓਪੀਐਮ ਡਿਵੀਜ਼ਨ,
ਪੀਡਬਲਿਊਆਰਐਮ ਅਤੇ ਡੀਸੀ,
ਐਸਏਐਸ ਨਗਰ।
DPR/Pb/6472